**24-04-25** ਸਵੇਰੇ ਦੀ ਮੁਰਲੀ ਓਮ ਸ਼ਾਂਤੀ “ਬਾਪਦਾਦਾ” ਮਧੂਬਨ

ਮਿੱਠੇ ਬੱਚੇ:- "ਮਿੱਠੇ ਬੱਚੇ :- ਵਿਜੰਤੀ ਮਾਲਾ ਵਿੱਚ ਆਉਣ ਦੇ ਲਈ ਨਿਰੰਤਰ ਬਾਬਾ ਨੂੰ ਯਾਦ ਕਰੋ, ਆਪਣਾ ਸਮਾਂ ਵੇਸਟ ਨਾ ਕਰੋ, ਪੜ੍ਹਾਈ ਤੇ ਪੂਰਾ - ਪੂਰਾ ਧਿਆਨ ਦੇਵੋ"

ਪ੍ਰਸ਼ਨ:- ਬਾਪ ਆਪਣੇ ਬੱਚਿਆਂ ਨਾਲ ਕਿਹੜੀ ਇੱਕ ਰਿਕੁਐਸਟ ਕਰਦੇ ਹਨ?

ਉੱਤਰ:- ਮਿੱਠੇ ਬੱਚੇ, ਬਾਪ ਰਿਕੁਐਸਟ ਕਰਦੇ ਹਨ - ਚੰਗੀ ਤਰ੍ਹਾਂ ਪੜ੍ਹਦੇ ਰਹੋ। ਬਾਪ ਦੀ ਦਾੜ੍ਹੀ ਦੀ ਲਾਜ ਰੱਖੋ। ਅਜਿਹਾ ਕੋਈ ਗੰਦਾ ਕੰਮ ਨਾ ਕਰੋ ਜਿਸ ਨਾਲ ਬਾਪ ਦਾ ਨਾਮ ਬਦਨਾਮ ਹੋਵੇ। ਸਤ ਬਾਪ, ਸਤ ਸਿੱਖਿਅਕ, ਸਤਗੁਰੂ ਦੀ ਕਦੇ ਨਿੰਦਾ ਨਾ ਕਰਵਾਓ। ਪ੍ਰਤਿੱਗਿਆ ਕਰੋ - ਜਦੋਂ ਤੱਕ ਪੜ੍ਹਾਈ ਹੈ ਉਦੋਂ ਤੱਕ ਪਵਿੱਤਰ ਜਰੂਰ ਰਹਾਂਗੇ।

ਗੀਤ:- ਤੁਮ੍ਹੇਂ ਪਾਕੇ ਹਮਨੇ ਜਹਾ ਪਾ ਲਿਆ ਹੈ...

ਓਮ ਸ਼ਾਂਤੀ - ਇਹ ਕਿਸਨੇ ਕਿਹਾ ਕਿ ਤੁਮ੍ਹੇਂ ਪਾਕੇ ਸਾਰੇ ਜਹਾਨ ਦੀ ਰਾਜਾਈ ਪਾਂਦੇ ਹਾਂ? ਹੁਣ ਤੁਸੀਂ ਸਟੂਡੈਂਟ ਵੀ ਹੋ ਅਤੇ ਬੱਚੇ ਵੀ ਹੋ। ਤੁਸੀਂ ਜਾਣਦੇ ਹੋ ਬੇਹੱਦ ਦਾ ਬਾਪ ਸਾਨੂੰ ਬੱਚਿਆਂ ਨੂੰ ਵਿਸ਼ਵ ਦਾ ਮਾਲਿਕ ਬਣਾਉਣ ਦੇ ਲਈ ਆਏ ਹਨ। ਉਨ੍ਹਾਂ ਦੇ ਸਾਮ੍ਹਣੇ ਅਸੀਂ ਬੈਠੇ ਹਾਂ ਅਤੇ ਅਸੀਂ ਰਾਜਯੋਗ ਸਿੱਖ ਰਹੇ ਹਾਂ ਮਤਲਬ ਵਿਸ਼ਵ ਦਾ ਕ੍ਰਾਉਣ ਪ੍ਰਿੰਸ - ਪ੍ਰਿੰਸੇਜ਼ ਬਣਨ ਲਈ ਤੁਸੀਂ ਇੱਥੇ ਪੜ੍ਹਨ ਆਏ ਹੋ ਮਤਲਬ ਪੜ੍ਹਦੇ ਹੋ। ਇਹ ਗੀਤ ਤੇ ਭਗਤੀ ਮਾਰਗ ਦਾ ਗਾਇਆ ਹੋਇਆ ਹੈ। ਬੁੱਧੀ ਤੋਂ ਬੱਚੇ ਜਾਣਦੇ ਹਨ ਅਸੀਂ ਵਿਸ਼ਵ ਦੇ ਮਹਾਰਾਜਾ - ਮਹਾਰਾਣੀ ਬਣਾਂਗੇ। ਬਾਪ ਹੈ ਗਿਆਨ ਦਾ ਸਾਗਰ, ਸੁਪ੍ਰੀਮ ਰੂਹਾਨੀ ਟੀਚਰ ਰੂਹਾਂ ਨੂੰ ਬੈਠ ਪੜ੍ਹਾਉਂਦੇ ਹਨ। ਆਤਮਾ ਇਨ੍ਹਾਂ ਸ਼ਰੀਰ ਰੂਪੀ ਕਰਮਿੰਦਰੀਆਂ ਦੁਆਰਾ ਜਾਣਦੀ ਹੈ ਕਿ ਅਸੀਂ ਬਾਪ ਤੋਂ ਪ੍ਰਿੰਸ ਅਤੇ ਪ੍ਰਿੰਸੇਜ਼ ਬਣਨ ਦੇ ਲਈ ਪਾਠਸ਼ਾਲਾ ਵਿੱਚ ਬੈਠੇ ਹਾਂ। ਕਿੰਨਾ ਨਸ਼ਾ ਹੋਣਾ ਚਾਹੀਦਾ ਹੈ। ਆਪਣੀ ਦਿਲ ਤੋਂ ਪੁੱਛੋਂ - ਇਨ੍ਹਾਂ ਨਸ਼ਾ ਅਸੀਂ ਸਟੂਡੈਂਟਸ ਵਿੱਚ ਹੈ? ਇਹ ਕੋਈ ਨਵੀਂ ਗੱਲ ਵੀ ਨਹੀਂ ਹੈ। ਅਸੀਂ ਕਲਪ - ਕਲਪ ਪ੍ਰਿੰਸ ਅਤੇ ਪ੍ਰਿੰਸੇਜ਼ ਬਣਨ ਦੇ ਲਈ ਬਾਪ ਦੇ ਕੋਲ ਆਏ ਹਾਂ। ਜੋ ਬਾਪ, ਬਾਪ ਵੀ ਹੈ, ਟੀਚਰ ਵੀ ਹੈ। ਬਾਪ ਪੁੱਛਦੇ ਹਨ ਤਾਂ ਸਾਰੇ ਕਹਿੰਦੇ ਹਨ ਅਸੀਂ ਤਾਂ ਸੂਰਜ਼ਵੰਸ਼ੀਕ੍ ਰਾਉਂਣਪ੍ ਰਿੰਸ-ਪ੍ਰਿੰਸੇਜ਼ ਜਾਂ ਲਕਸ਼ਮੀ - ਨਾਰਾਇਣ ਬਣਾਂਗੇ। ਆਪਣੇ ਦਿਲ ਤੋਂ ਪੁੱਛਣਾ ਚਾਹੀਦਾ ਹੈ ਅਸੀਂ ਅਜਿਹਾ ਪੁਰਸ਼ਾਰਥ ਕਰਦੇ ਹਾਂ? ਬੇਹੱਦ ਦਾ ਬਾਪ ਜੋ ਸ੍ਵਰਗ ਦਾ ਵਰਸਾ ਦੇਣ ਆਏ ਹਨ, ਉਹ ਸਾਡਾ ਬਾਪ - ਟੀਚਰ - ਗੁਰੂ ਵੀ ਹੈ ਤਾਂ ਜ਼ਰੂਰ ਵਰਸਾ ਵੀ ਇਤਨਾ ਉੱਚ ਤੋਂ ਉੱਚ ਦੇਣਗੇ। ਵੇਖਣਾ ਚਾਹੀਦਾ ਹੈ ਸਾਨੂੰ ਕਿੰਨੀ ਖੁਸ਼ੀ ਹੈ ਕਿ ਅਸੀਂ ਅੱਜ ਪੜ੍ਹਦੇ ਹਾਂ, ਕਲ ਕਰਾਉਣ ਪ੍ਰਿੰਸ ਬਣਾਂਗੇ? ਕਿਉਂਕਿ ਇਹ ਸੰਗਮ ਹੈ ਨਾ। ਹੁਣ ਇਸ ਪਾਰ ਹੋ, ਉਸ ਪਾਰ ਸ੍ਵਰਗ ਵਿੱਚ ਜਾਣ ਦੇ ਲਈ ਪੜ੍ਹਦੇ ਹੋ। ਉੱਥੇ ਤਾਂ ਸ੍ਵਗੁਣ ਸੰਪੰਨ, 16 ਕਲਾਂ ਸੰਪੂਰਨ ਬਣਕੇ ਹੀ ਜਾਵਾਂਗੇ। ਅਸੀਂ ਅਜਿਹੇ ਲਾਇਕ ਬਣੇ ਹਾਂ - ਆਪਣੇ ਕੋਲੋਂ ਪੁੱਛਣਾ ਹੁੰਦਾ ਹੈ। ਇੱਕ ਨਾਰਦ ਭਗਤ ਦੀ ਗੱਲ ਨਹੀਂ ਹੈ। ਤੁਸੀਂ ਸਭ ਭਗਤ ਸੀ, ਹੁਣ ਬਾਪ ਭਗਤੀ ਤੋਂ ਛੁਡਾਉਂਦੇ ਹਨ। ਤੁਸੀਂ ਜਾਣਦੇ ਹੋ ਅਸੀਂ ਬਾਪ ਦੇ ਬੱਚੇ ਬਣੇ ਹਾਂ ਉਨ੍ਹਾਂ ਤੋਂ ਵਰਸਾ ਲੈਣ, ਵਿਸ਼ਵ ਦਾ ਕਰਾਉਣ ਪ੍ਰਿੰਸ ਬਣਨ ਆਏ ਹੋ। ਬਾਪ ਕਹਿੰਦੇ ਹਨ ਭਾਵੇਂ ਆਪਣੇ ਗ੍ਰਹਿਸਤ ਵਿਵਹਾਰ ਵਿੱਚ ਰਹੋ। ਵਾਣਪ੍ਰਸਥ ਅਵਸਥਾ ਵਾਲਿਆਂ ਨੂੰ ਗ੍ਰਹਿਸਤ ਵਿਵਹਾਰ ਵਿਚ ਨਹੀਂ ਰਹਿਣਾ ਹੁੰਦਾ ਅਤੇ ਕੁਮਾਰ - ਕੁਮਾਰੀਆਂ ਵੀ ਗ੍ਰਹਿਸਤ ਵਿਵਹਾਰ ਵਿੱਚ ਨਹੀਂ ਹਨ। ਉਨ੍ਹਾਂ ਦੀ ਵੀ ਸਟੂਡੈਂਟ ਲਾਈਫ਼ ਹੈ। ਬ੍ਰਹਮਚਰਿਆ ਵਿੱਚ ਹੀ ਪੜ੍ਹਾਈ ਪੜ੍ਹਦੇ ਹਨ। ਹੁਣ ਇਹ ਪੜ੍ਹਾਈ ਹੈ ਬਹੁਤ ਉੱਚ, ਇਸ ਵਿੱਚ ਪਵਿੱਤਰ ਬਣਨਾ ਹੈ ਸਦਾ ਦੇ ਲਈ। ਉਹ ਤੇ ਬ੍ਰਹਮਚਾਰਿਆ ਵਿੱਚ ਪੜ੍ਹਕੇ ਫਿਰ ਵਿਕਾਰ ਵਿੱਚ ਜਾਂਦੇ ਹਨ। ਇੱਥੇ ਤੁਸੀਂ ਬ੍ਰਹਮਚਰਿਆ ਵਿੱਚ ਰਹਿਕੇ ਪੂਰੀ ਪੜ੍ਹਾਈ ਪੜ੍ਹਦੇ ਹੋ। ਬਾਪ ਕਹਿੰਦੇ ਹਨ ਅਸੀਂ ਪਵਿੱਤਰਤਾ ਦਾ ਸਾਗਰ ਹਾਂ, ਤੁਹਾਨੂੰ ਵੀ ਬਣਾਉਂਦੇ ਹਾਂ। ਤੁਸੀਂ ਜਾਣਦੇ ਹੋ ਅੱਧਾਕਲਪ ਅਸੀਂ ਪਵਿੱਤਰ ਰਹਿੰਦੇ ਸੀ। ਬਰੋਬਰ ਬਾਪ ਨਾਲ ਪ੍ਰਤਿੱਗਿਆ ਕੀਤੀ ਸੀ - ਬਾਬਾ ਅਸੀਂ ਕਿਉਂ ਨਹੀਂ ਪਵਿੱਤਰ ਬਣ ਅਤੇ ਪਵਿੱਤਰ ਦੁਨੀਆਂ ਦਾ ਮਾਲਿਕ ਬਣਾਂਗੇ। ਕਿੰਨਾ ਵੱਡਾ ਬਾਪ ਹੈ, ਭਾਵੇਂ ਹੈ ਸਧਾਰਨ ਤਨ, ਪਰੰਤੂ ਆਤਮਾ ਨੂੰ ਨਸ਼ਾ ਚੜ੍ਹਦਾ ਹੈ ਨਾ। ਬਾਪ ਆਏ ਹਨ ਪਵਿੱਤਰ ਬਣਾਉਣ। ਕਹਿੰਦੇ ਹਨ ਤੁਸੀਂ ਵਿਕਾਰ ਵਿੱਚ ਜਾਂਦੇ - ਜਾਂਦੇ ਵੇਸ਼ਾਲਿਆ ਵਿੱਚ ਆਕੇ ਪਏ ਹੋ। ਤੁਸੀਂ ਸਤਿਯੁਗ ਵਿੱਚ ਪਵਿੱਤਰ ਸੀ, ਇਹ ਰਾਧੇ - ਕ੍ਰਿਸ਼ਨ ਪਵਿੱਤਰ ਪ੍ਰਿੰਸ - ਪ੍ਰਿੰਸੇਜ਼ ਹਨ ਨਾ। ਰੁਦ੍ਰ ਮਾਲਾ ਵੀ ਵੇਖੋ, ਵਿਸ਼ਨੂੰ ਦੀ ਮਾਲਾ ਵੀ ਵੇਖੋ। ਰੁਦ੍ਰ ਮਾਲਾ ਸੋ ਵਿਸ਼ਨੂੰ ਦੀ ਮਾਲਾ ਬਣੇਗੀ। ਵਿਜੰਤੀ ਮਾਲਾ ਵਿੱਚ ਆਉਣ ਦੇ ਲਈ ਬਾਪ ਸਮਝਾਉਂਦੇ ਹਨ - ਪਹਿਲਾਂ ਤਾਂ ਨਿਰੰਤਰ ਬਾਪ ਨੂੰ ਯਾਦ ਕਰੋ, ਆਪਣਾ ਟਾਈਮ ਵੇਸਟ ਨਾ ਕਰੋ। ਇਨ੍ਹਾਂ ਕੌਡੀਆਂ ਪਿਛਾੜੀ ਬੰਦਰ ਨਾ ਬਣੋਂ। ਬੰਦਰ ਚਨੇ ਖਾਂਦੇ ਹਨ। ਹੁਣ ਤੁਹਾਨੂੰ ਬਾਪ ਰਤਨ ਦੇ ਰਹੇ ਹਨ। ਫਿਰ ਕੌਡੀਆਂ ਅਤੇ ਚਨੇ ਪਿਛਾੜੀ ਜਾਣਗੇ ਤਾਂ ਕੀ ਹਾਲ ਹੋਵੇਗਾ! ਰਾਵਣ ਦੀ ਕੈਦ ਵਿੱਚ ਚਲੇ ਜਾਵੋਗੇ। ਬਾਪ ਆਕੇ ਰਾਵਣ ਦੀ ਕੈਦ ਤੋਂ ਛੁਡਾਉਂਦੇ ਹਨ। ਕਹਿੰਦੇ ਹਨ ਦੇਹ ਸਹਿਤ ਦੇਹ ਦੇ ਸਭ ਸੰਬੰਧਾਂ ਤੋਂ ਬੁੱਧੀ ਦਾ ਤਿਆਗ ਕਰੋ। ਆਪਣੇ ਨੂੰ ਆਤਮਾ ਨਿਸ਼ਚੈ ਕਰੋ। ਬਾਪ ਕਹਿੰਦੇ ਹਨ ਮੈਂ ਕਲਪ - ਕਲਪ ਭਾਰਤ ਵਿੱਚ ਹੀ ਆਉਂਦਾ ਹਾਂ। ਭਾਰਤਵਾਸੀ ਬੱਚਿਆਂ ਨੂੰ ਵਿਸ਼ਵ ਦਾ ਕਰਾਉਣ ਪ੍ਰਿੰਸ - ਪ੍ਰਿੰਸੇਜ਼ ਬਣਾਉਂਦਾ ਹਾਂ। ਕਿੰਨਾ ਸਹਿਜ ਪੜ੍ਹਾਉਂਦੇ ਹਨ, ਇਵੇਂ ਵੀ ਨਹੀਂ ਕਹਿੰਦੇ ਕੋਈ 4 - 8 ਘੰਟਾ ਆਕੇ ਬੈਠੋ। ਨਹੀਂ, ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ ਤਾਂ ਤੁਸੀਂ ਪਤਿਤ ਤੋਂ ਪਾਵਨ ਬਣ ਜਾਵੋਗੇ। ਵਿਕਾਰ ਵਿੱਚ ਜਾਣ ਵਾਲੇ ਨੂੰ ਪਤਿਤ ਕਿਹਾ ਜਾਂਦਾ ਹੈ। ਦੇਵਤੇ ਪਾਵਨ ਹਨ ਇਸਲਈ ਉਨ੍ਹਾਂ ਦੀ ਮਹਿਮਾ ਗਾਈ ਜਾਂਦੀ ਹੈ ਬਾਪ ਸਮਝਾਉਂਦੇ ਹਨ ਉਹ ਹੈ ਅਲਪਕਾਲ ਦਾ ਸ਼ਣਭੁੰਗਰ ( ਥੋੜ੍ਹੇ ਸਮੇਂ ਦਾ) ਦਾ ਸੁੱਖ। ਸੰਨਿਆਸੀ ਠੀਕ ਕਹਿੰਦੇ ਹਨ ਕਿ ਕਾਗ ਵਿਸ਼ਟਾ ਸਮਾਨ ਸੁੱਖ ਹੈ। ਪ੍ਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਦੇਵਤਿਆਂ ਨੂੰ ਕਿੰਨਾ ਸੁੱਖ ਹੈ। ਨਾਮ ਹੀ ਸੁੱਖਧਾਮ ਹੈ। ਇਹ ਹੈ ਦੁੱਖਧਾਮ। ਇਨ੍ਹਾਂ

ਗੱਲਾਂ ਦਾ ਦੁਨੀਆਂ ਵਿੱਚ ਕਿਸੇ ਨੂੰ ਪਤਾ ਨਹੀਂ। ਬਾਪ ਹੀ ਆਕੇ ਕਲਪ - ਕਲਪ ਸਮਝਾਉਂਦੇ ਹਨ, ਦੇਹੀ - ਅਭਿਮਾਨੀ ਬਣਾਉਂਦੇ ਹਨ। ਆਪਣੇ ਨੂੰ ਆਤਮਾ ਸਮਝੋ। ਤੁਸੀਂ ਆਤਮਾ ਹੋ, ਨਾ ਕਿ ਦੇਹ। ਦੇਹ ਦੇ ਤੁਸੀ ਮਾਲਿਕ ਹੋ। ਦੇਹ ਤੁਹਾਡੀ ਮਾਲਿਕ ਨਹੀਂ। 84 ਜਨਮ ਲੈਂਦੇ - ਲੈਂਦੇ ਹੁਣ ਤੁਸੀਂ ਤਮੋਪ੍ਰਧਾਨ ਬਣ ਗਏ ਹੋ। ਤੁਹਾਡੀ ਆਤਮਾ ਅਤੇ ਸ਼ਰੀਰ ਦੋਵੇਂ ਪਤਿਤ ਬਣੇ ਹਨ। ਦੇਹ - ਅਭਿਮਾਨੀ ਬਣਨ ਨਾਲ ਤੁਹਾਡੇ ਤੋਂ ਪਾਪ ਹੋਏ ਹਨ। ਹੁਣ ਤੁਹਾਨੂੰ ਦੇਹੀ - ਅਭਿਮਾਨੀ ਬਣਨਾ ਹੈ। ਮੇਰੇ ਨਾਲ ਵਾਪਿਸ ਘਰ ਚਲਣਾ ਹੈ। ਆਤਮਾ ਅਤੇ ਸ਼ਰੀਰ ਦੋਵਾਂ ਨੂੰ ਸ਼ੁੱਧ ਬਣਾਉਣ ਦੇ ਲਈ ਬਾਪ ਕਹਿੰਦੇ ਹਨ ਮਨਮਨਾਭਵ। ਬਾਪ ਨੇ ਤੁਹਾਨੂੰ ਰਾਵਣ ਤੋਂ ਅੱਧਾਕਲਪ ਫ਼ਰੀਡਮ ਦਵਾਈ ਸੀ, ਹੁਣ ਫਿਰ ਫ਼ਰੀਡਮ ਦਵਾ ਰਹੇ ਹਨ। ਅੱਧਾਕਲਪ ਤੁਸੀਂ ਫ਼ਰੀਡਮ ਰਾਜ ਕਰੋ। ਉੱਥੇ 5 ਵਿਕਾਰਾਂ ਦਾ ਨਾਮ ਨਹੀਂ, ਹੁਣ ਸ਼੍ਰੀਮਤ ਤੇ ਚਲਕੇ ਸ੍ਰੇਸ਼ਠ ਬਣਨਾ ਹੈ। ਆਪਣੇ ਕੋਲੋਂ ਪੁੱਛੋ - ਸਾਡੇ ਵਿੱਚ ਵਿਕਾਰ ਕਿਥੋਂ ਤੱਕ ਹਨ ? ਬਾਪ ਕਹਿੰਦੇ ਹਨ ਇੱਕ ਤੇ ਮਾਮੇਕਮ ਯਾਦ ਕਰੋ ਅਤੇ ਦੂਸਰਾ ਕੋਈ ਲੜਾਈ - ਝਗੜਾ ਵੀ ਨਹੀਂ ਕਰਨਾ ਹੈ। ਨਹੀਂ ਤਾਂ ਤੁਸੀਂ ਪਵਿੱਤਰ ਕਿਵੇਂ ਬਣੋਗੇ। ਤੁਸੀਂ ਇੱਥੇ ਆਏ ਹੀ ਹੋ ਪੁਰਸ਼ਾਰਥ ਕਰ ਮਾਲਾ ਵਿੱਚ ਪਿਰੋਣ। ਨਾਪਾਸ ਹੋਵੋਗੇ ਤਾਂ ਫਿਰ ਮਾਲਾ ਵਿੱਚ ਪਿਰੋ ਨਹੀਂ ਸਕੋਗੇ। ਕਲਪ - ਕਲਪ ਦੀ ਬਾਦਸ਼ਾਹੀ ਹੀ ਗਵਾ ਦੇਵੋਗੇ। ਫਿਰ ਅੰਤ ਵਿੱਚ ਬਹੁਤ ਪਛਤਾਉਣਾ ਪਵੇਗਾ। ਉਸ ਪੜ੍ਹਾਈ ਵਿੱਚ ਵੀ ਰਜਿਸਟਰ ਰਹਿੰਦਾ ਹੈ। ਲਕਸ਼ਣ ਵੀ ਵੇਖਦੇ ਹਨ। ਇਹ ਵੀ ਪੜ੍ਹਾਈ ਹੈ, ਸਵੇਰੇ ਉੱਠ ਕੇ ਤੁਸੀਂ ਆਪੇ ਹੀ ਇਹ ਪੜ੍ਹੋ। ਦਿਨ ਵਿੱਚ ਤੇ ਕਰਮ ਕਰਨਾ ਹੀ ਹੈ। ਫੁਰਸਤ ਨਹੀਂ ਮਿਲਦੀ ਹੈ ਤਾਂ ਭਗਤੀ ਵੀ ਮਨੁੱਖ ਸਵੇਰੇ ਉੱਠ ਕੇ ਕਰਦੇ ਹਨ। ਇਹ ਤੇ ਹੈ ਗਿਆਨ ਮਾਰਗ। ਭਗਤੀ ਵਿੱਚ ਵੀ ਪੂਜਾ ਕਰਦੇ - ਕਰਦੇ ਫਿਰ ਬੁੱਧੀ ਵਿੱਚ ਕੋਈ ਨਾ ਕੋਈ ਦੇਹਧਾਰੀ ਦੀ ਯਾਦ ਆ ਜਾਂਦੀ ਹੈ। ਇੱਥੇ ਵੀ ਤੁਸੀਂ ਬਾਪ ਨੂੰ ਯਾਦ ਕਰਦੇ ਹੋ ਫਿਰ ਧੰਧਾ ਆਦਿ ਯਾਦ ਆ ਜਾਂਦਾ ਹੈ। ਜਿੰਨਾ ਬਾਪ ਦੀ ਯਾਦ ਵਿੱਚ ਰਹੋਗੇ ਉਹਨੇ ਪਾਪ ਕੱਟਦੇ ਜਾਣਗੇ।

ਤੁਸੀਂ ਬੱਚੇ ਜਦੋਂ ਪੁਰਸ਼ਾਰਥ ਕਰਦੇ - ਕਰਦੇ ਬਿਲਕੁਲ ਪਵਿੱਤਰ ਬਣ ਜਾਵੋਗੇ ਉਦੋਂ ਇਹ ਮਾਲਾ ਬਣ ਜਾਵੇਗੀ। ਪੂਰਾ ਪੁਰਸ਼ਾਰਥ ਨਹੀਂ ਕੀਤਾ ਤਾਂ ਪ੍ਰਜਾ ਵਿੱਚ ਚਲੇ ਜਾਵੋਗੇ। ਚੰਗੀ ਤਰ੍ਹਾਂ ਯੋਗ ਲਗਾਓਗੇ, ਪੜ੍ਹੋਗੇ, ਆਪਣਾ ਬੈਗ - ਬੈਗ਼ਜ਼ ਭਵਿੱਖ ਦੇ ਲਈ ਟਰਾਂਸਫਰ ਕਰ ਦੇਵੋਗੇ ਤਾਂ ਰਿਟਰਨ ਵਿੱਚ ਭਵਿੱਖ ਵਿੱਚ ਮਿਲ ਜਾਵੇਗਾ। ਈਸ਼ਵਰ ਅਰਥ ਦਿੰਦੇ ਹੋ ਤਾਂ ਦੂਸਰੇ ਜਨਮ ਵਿੱਚ ਉਸਦਾ ਰਿਟਰਨ ਮਿਲਦਾ ਹੈ ਨਾ। ਹੁਣ ਬਾਪ ਕਹਿੰਦੇ ਹਨ ਮੈਂ ਡਾਇਰੈਕਟਰ ਆਉਂਦਾ ਹਾਂ । ਹੁਣ ਤੁਸੀਂ ਜੋ ਕੁਝ ਕਰਦੇ ਹੋ ਉਹ ਆਪਣੇ ਲਈ। ਮਨੁੱਖ ਦਾਨ -ਪੁੰਨ ਕਰਦੇ ਹਨ ਉਹ ਹੈ ਇਨਡਾਇਰੈਕਟ। ਇਸ ਵਕਤ ਤੁਸੀਂ ਬਾਪ ਨੂੰ ਬਹੁਤ ਮਦਦ ਕਰਦੇ ਹੋ। ਜਾਣਦੇ ਹੋ ਇਹ ਪੈਸੇ ਤੇ ਖ਼ਤਮ ਹੋ ਜਾਣਗੇ। ਇਸ ਨਾਲੋਂ ਚੰਗਾ ਕਿਓਂ ਨਾ ਬਾਪ ਨੂੰ ਮਦਦ ਕਰੀਏ। ਬਾਪ ਰਾਜਾਈ ਕਿਵੇਂ ਸਥਾਪਨ ਕਰਣਗੇ। ਨਾ ਕੋਈ ਲਸ਼ਕਰ ਜਾਂ ਸੈਨਾ ਆਦਿ ਹੈ, ਨਾ ਕੋਈ ਹਥਿਆਰ ਆਦਿ ਹੈ। ਸਭ ਕੁਝ ਹੈ ਗੁਪਤ। ਕੰਨਿਆ ਨੂੰ ਦਹੇਜ ਕੋਈ - ਕੋਈ ਗੁਪਤ ਦਿੰਦੇ ਹਨ। ਪੇਟੀ ਬੰਦ ਕਰ ਚਾਬੀ ਹੱਥ ਵਿੱਚ ਦੇ ਦਿੰਦੇ ਹਨ। ਕੋਈ ਬਹੁਤ ਸ਼ੋ ਕਰਦੇ ਹਨ, ਕੋਈ ਗੁਪਤ ਦਿੰਦੇ ਹਨ। ਬਾਪ ਵੀ ਕਹਿੰਦੇ ਹਨ ਤੁਸੀਂ ਸਜਨੀਆਂ ਹੋ। ਤੁਹਾਨੂੰ ਮੈਂ ਵਿਸ਼ਵ ਦਾ ਮਾਲਿਕ ਬਣਾਉਣ ਆਇਆ ਹਾਂ। ਤੁਸੀਂ ਗੁਪਤ ਮਦਦ ਕਰਦੇ ਹੋ। ਇਹ ਆਤਮਾ ਜਾਣਦੀ ਹੈ ਬਾਹਰ ਦਾ ਭਭਕਾ ਕੁਝ ਨਹੀਂ ਹੈ। ਇਹ ਹੈ ਹੀ ਵਿਕਾਰੀ ਪਤਿਤ ਦੁਨੀਆਂ। ਸ੍ਰਿਸ਼ਟੀ ਦੀ ਵ੍ਰਿਧੀ ਹੋਣੀ ਹੀ ਹੈ। ਆਤਮਾਵਾਂ ਨੂੰ ਆਉਣਾ ਹੈ ਜਰੂਰ। ਜਨਮ ਤੇ ਹੋਰ ਵੀ ਜਿਆਦਾ ਹੋਣੇ ਹਨ। ਕਹਿੰਦੇ ਵੀ ਹਨ ਇਸ ਹਿਸਾਬ ਨਾਲ ਅਨਾਜ਼ ਪੂਰਾ ਨਹੀਂ ਹੋਵੇਗਾ। ਇਹ ਹੈ ਆਸੁਰੀ ਬੁੱਧੀ। ਤੁਸੀਂ ਬੱਚਿਆਂ ਨੂੰ ਹੁਣ ਈਸ਼ਵਰੀਏ ਬੁੱਧੀ ਮਿਲੀ ਹੈ। ਭਗਵਾਨ ਪੜ੍ਹਾਉਂਦੇ ਹਨ ਤਾਂ ਉਨ੍ਹਾਂ ਦਾ ਕਿੰਨਾ ਰਿਗਾਰਡ ਰੱਖਣਾ ਚਾਹੀਦਾ ਹੈ। ਕਿੰਨਾ ਪੜ੍ਹਨਾ ਚਾਹੀਦਾ ਹੈ। ਕਈ ਬੱਚੇ ਹਨ ਜਿਨ੍ਹਾਂ ਨੂੰ ਪੜ੍ਹਾਈ ਦਾ ਸ਼ੌਂਕ ਨਹੀਂ ਹੈ। ਤੁਸੀਂ ਬੱਚਿਆਂ ਨੂੰ ਇਹ ਤੇ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ ਨਾ - ਅਸੀਂ ਬਾਬਾ ਦੁਆਰਾ ਕਰਾਉਣ ਪ੍ਰਿੰਸ - ਪ੍ਰਿੰਸੇਜ਼ ਬਣ ਰਹੇ ਹਾਂ। ਹੁਣ ਬਾਪ ਕਹਿੰਦੇ ਹਨ ਮੇਰੀ ਮਤ ਤੇ ਚੱਲੋ, ਬਾਪ ਨੂੰ ਯਾਦ ਕਰੋ। ਘੜੀ - ਘੜੀ ਕਹਿੰਦੇ ਅਸੀਂ ਭੁੱਲ ਜਾਂਦੇ ਹਾਂ ਸਟੂਡੈਂਟ ਕਹਿੰਦੇ ਅਸੀਂ ਸਬਕ ( ਪਾਠ) ਭੁੱਲ ਜਾਂਦੇ ਹਾਂ, ਤਾਂ ਟੀਚਰ ਕੀ ਕਰਣਗੇ! ਯਾਦ ਨਹੀਂ ਕਰਣਗੇ ਤਾਂ ਵਿਕਰਮ ਵਿਨਾਸ਼ ਨਹੀਂ ਹੋਣਗੇ। ਕੀ ਟੀਚਰ ਸਭ ਤੇ ਕ੍ਰਿਪਾ ਜਾਂ ਅਸ਼ੀਰਵਾਦ ਕਰਣਗੇ ਕਿ ਇਹ ਪਾਸ ਹੋ ਜਾਵੇ। ਇੱਥੇ ਇਹ ਅਸ਼ੀਰਵਾਦ ਕ੍ਰਿਪਾ ਦੀ ਗੱਲ ਨਹੀਂ। ਬਾਪ ਕਹਿੰਦੇ ਹਨ ਪੜ੍ਹੋ। ਭਾਵੇਂ ਧੰਧਾ ਆਦਿ ਕਰੋ, ਪ੍ਰੰਤੂ ਪੜ੍ਹਨਾ ਜਰੂਰੀ ਹੈ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣੋ, ਹੋਰਾਂ ਨੂੰ ਵੀ ਰਸਤਾ ਦੱਸੋ। ਦਿਲ ਤੋਂ ਪੁੱਛਣਾ ਚਾਹੀਦਾ ਹੈ ਅਸੀਂ ਬਾਪ ਦੀ ਖ਼ਿਦਮਤ ਵਿੱਚ ਕਿੰਨੇ ਹਾਂ? ਕਿੰਨਿਆਂ ਨੂੰ ਆਪਣੇ ਵਰਗਾ ਬਣਾਉਂਦੇ ਹਾਂ? ਤ੍ਰਿਮੂਰਤੀ ਚਿੱਤਰ ਤਾਂ ਸਾਮ੍ਹਣੇ ਰੱਖਿਆ ਹੈ। ਇਹ ਸ਼ਿਵਬਾਬਾ ਹੈ, ਇਹ ਬ੍ਰਹਮਾ ਹੈ। ਇਸ ਪੜ੍ਹਾਈ ਨਾਲ ਇਹ ਬਣਦੇ ਹਾਂ। ਫਿਰ 84 ਜਨਮ ਦੇ ਬਾਦ ਇਹ ਬਣਾਂਗੇ। ਸ਼ਿਵਬਾਬਾ ਬ੍ਰਹਮਾ ਤਨ ਵਿੱਚ ਪ੍ਰਵੇਸ਼ ਕਰਕੇ ਬ੍ਰਾਹਮਣਾਂ ਨੂੰ ਇਹ ਬਣਾ ਰਹੇ ਹਨ। ਤੁਸੀ ਬ੍ਰਾਹਮਣ ਬਣੇ ਹੋ। ਹੁਣ ਆਪਣੇ ਦਿਲ ਤੋਂ ਪੁੱਛੋ ਅਸੀਂ ਪਵਿੱਤਰ ਬਣੇ ਹਾਂ? ਦੈਵੀ ਗੁਣ ਧਾਰਨ ਕਰਦੇ ਹਾਂ? ਪੁਰਾਣੀ ਦੇਹ ਨੂੰ ਭੁੱਲੇ ਹਾਂ? ਇਹ ਤੇ ਪੁਰਾਣੀ ਜੁੱਤੀ ਹੈ ਨਾ। ਆਤਮਾ ਪਵਿੱਤਰ ਬਣ ਜਾਵੇਗੀ ਤਾਂ ਜੁੱਤੀ ਵੀ ਫਸਟਕਲਾਸ ਮਿਲੇਗੀ। ਇਹ ਪੁਰਾਣਾ ਚੋਲਾ ਛੱਡ ਨਵਾਂ ਪਾਵਾਂਗੇ, ਇਹ ਚੱਕਰ ਫਿਰਦਾ ਰਹਿੰਦਾ ਹੈ। ਅੱਜ ਪੁਰਾਣੀ ਜੁੱਤੀ ਵਿੱਚ ਹਾਂ, ਕਲ ਇਹ ਦੇਵਤਾ ਬਣਨਾ ਚਾਉਂਦੇ ਹਾਂ। ਬਾਪ ਦਵਾਰਾ ਭਵਿੱਖ ਅੱਧਾਕਲਪ ਦੇ ਲਈ ਵਿਸ਼ਵ ਦਾ ਕਰਾਉਣ ਪ੍ਰਿੰਸ ਬਣਦੇ ਹਾਂ। ਸਾਡੀ ਉਸ ਰਾਜਾਈ ਨੂੰ ਕੋਈ ਵੀ ਖੋਹ ਨਹੀਂ ਸਕੇਗਾ। ਤਾਂ ਬਾਪ ਦੀ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ ਨਾ। ਆਪਣੇ ਤੋਂ ਪੁੱਛੋ ਅਸੀਂ ਕਿੰਨਾ ਯਾਦ ਕਰਦੇ ਹਾਂ? ਕਿੰਨਾ ਸਵਦਰਸ਼ਨ ਚੱਕਰਧਾਰੀ ਬਣਦੇ ਅਤੇ ਬਣਾਉਂਦੇ ਹਾਂ? ਜੋ ਕਰੇਗਾ ਸੋ ਪਾਵੇਗਾ। ਬਾਪ ਰੋਜ਼ ਪੜ੍ਹਾਉਂਦੇ ਹਨ। ਸਭਦੇ ਕੋਲ ਮੁਰਲੀ ਜਾਂਦੀ ਹੈ। ਅੱਛਾ, ਨਾ ਵੀ ਮਿਲੇ, 7 ਰੋਜ ਦਾ ਕੋਰਸ ਮਿਲ ਗਿਆ ਨਾ, ਬੁੱਧੀ ਵਿੱਚ ਨਾਲੇਜ ਆ ਗਈ। ਸ਼ੁਰੂ ਵਿਚ ਤੇ ਭੱਠੀ ਬਣੀ ਫਿਰ ਕੋਈ ਪੱਕੇ, ਕੋਈ ਕੱਚੇ ਨਿਕਲ ਪਏ ਕਿਉਂਕਿ ਮਾਇਆ ਦਾ ਤੂਫ਼ਾਨ ਵੀ ਤਾਂ ਆਉਂਦਾ ਹੈ ਨਾ। 6 - 8 ਮਹੀਨੇ ਪਵਿੱਤਰ ਬਣ ਫਿਰ ਦੇਹ - ਅਭਿਮਾਨ ਵਿੱਚ ਆਕੇ ਆਪਣਾ ਘਾਤ ਕਰ ਲੈਂਦੇ ਹਨ। ਮਾਇਆ ਬੜੀ ਦੁਸ਼ਤਰ ਹੈ। ਅੱਧਾਕਲਪ ਮਾਇਆ ਤੋਂ ਹਾਰ ਖਾਈ ਹੈ। ਹੁਣ ਵੀ ਹਾਰ ਖਾਵੋਗੇ ਤਾਂ ਆਪਣਾ ਪਦ ਗਵਾਂ ਦੇਵੋਗੇ। ਨੰਬਰਵਾਰ ਮਰਤਬੇ ਤਾਂ ਬਹੁਤ ਹਨ ਨਾ। ਕੋਈ ਰਾਜਾ- ਰਾਣੀ, ਕੋਈ ਵਜ਼ੀਰ, ਕੋਈ ਪਰਜਾ, ਕਿਸੇ ਨੂੰ ਹੀਰੇ ਜਵਾਹਰਤਾਂ ਦੇ ਮਹਿਲ,

ਪਰਜਾ ਵਿੱਚ ਵੀ ਕੋਈ ਬਹੁਤ ਸ਼ਾਹੂਕਾਰ ਹੁੰਦੇ ਹਨ। ਹੀਰੇ - ਜਵਾਹਰਤਾਂ ਦੇ ਮਹਿਲ ਹੁੰਦੇ ਹਨ, ਇੱਥੇ ਵੀ ਵੇਖੋ ਪ੍ਰਜਾ ਤੋਂ ਕਰਜਾ ਚੁੱਕਦੇ ਹਨ ਨਾ। ਤਾਂ ਪ੍ਰਜਾ ਸ਼ਾਹੂਕਾਰ ਠਹਿਰੀ ਜਾਂ ਰਾਜਾ? ਅੰਧੇਰ ਨਗਰੀ... ਇਹ ਹੁਣੇ ਦੀਆਂ ਗੱਲਾਂ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਇਹ ਨਿਸ਼ਚੈ ਰਹਿਣਾ ਚਾਹੀਦਾ ਹੈ ਕਿ ਅਸੀਂ ਵਿਸ਼ਵ ਦਾ ਕਰਾਉਣ ਪ੍ਰਿੰਸ ਬਣਨ ਲਈ ਪੜ੍ਹਦੇ ਹਾਂ। ਅਸੀਂ ਬੈਰਿਸਟਰ ਜਾਂ ਇੰਜੀਨੀਅਰ ਬਣਾਂਗੇ, ਇਹ ਕਦੇ ਸਕੂਲ ਵਿੱਚ ਭੁੱਲ ਜਾਂਦੇ ਹਨ ਕੀ! ਕਈ ਤਾਂ ਚqਸਲਦੇ - ਚਲਦੇ ਮਾਇਆ ਦੇ ਤੂਫਾਨ ਲੱਗਣ ਨਾਲ ਪੜ੍ਹਾਈ ਵੀ ਛੱਡ ਦਿੰਦੇ ਹਨ।

ਬਾਪ ਆਪਣੇ ਬੱਚਿਆਂ ਨਾਲ ਇੱਕ ਰਿਕੁਐਸਟ ਕਰਦੇ ਹਨ - ਮਿੱਠੇ ਬੱਚੇ, ਚੰਗੀ ਤਰ੍ਹਾਂ ਪੜ੍ਹੋ ਤਾਂ ਚੰਗਾ ਪਦ ਪਾਵੋਗੇ। ਬਾਪ ਦੀ ਦਾੜ੍ਹੀ ਦੀ ਲਾਜ ਰੱਖੋ। ਤੁਸੀਂ ਅਜਿਹਾ ਗੰਦਾ ਕੰਮ ਕਰੋਗੇ ਤਾਂ ਨਾਮ ਬਦਨਾਮ ਕਰ ਦੇਵੋਗੇ। ਸਤ ਬਾਪ, ਸਤ ਟੀਚਰ, ਸਤਿਗੁਰੂ ਦੀ ਨਿੰਦਾ ਕਰਵਾਉਣ ਵਾਲੇ ਉੱਚ ਪਦ ਪਾ ਨਹੀਂ ਸੱਕਣਗੇ। ਇਸ ਵਕਤ ਤੁਸੀਂ ਹੀਰੇ ਵਰਗੇ ਬਣਦੇ ਹੋ ਤਾਂ ਕੌਡੀਆਂ ਪਿੱਛੇ ਥੋੜ੍ਹੀ ਹੀ ਪੈਣਾ ਚਾਹੀਦਾ ਹੈ। ਬਾਬਾ ਨੂੰ ਸਾਕਸ਼ਤਕਾਰ ਹੋਇਆ ਅਤੇ ਝੱਟ ਕੌਡੀਆਂ ਨੂੰ ਛੱਡ ਦਿੱਤਾ। ਅਰੇ, 21 ਜਨਮ ਦੇ ਲਈ ਬਾਦਸ਼ਾਹੀ ਮਿਲਦੀ ਹੈ ਫਿਰ ਇਹ ਕੀ ਕਰੋਗੇ! ਸਭ ਦੇ ਦਿੱਤਾ। ਅਸੀਂ ਤੇ ਵਿਸ਼ਵ ਦੀ ਬਾਦਸ਼ਾਹੀ ਲੈ ਲੈਂਦੇ ਹਾਂ। ਇਹ ਵੀ ਜਾਣਦੇ ਹੋ ਵਿਨਾਸ਼ ਹੋਣਾ ਹੈ। ਹੁਣ ਨਹੀਂ ਪੜ੍ਹਿਆ ਤਾਂ ਟੂ ਲੇਟ ਹੋ ਜਾਵੋਗੇ, ਪਛਤਾਉਣਾ ਪਵੇਗਾ। ਬੱਚਿਆਂ ਨੂੰ ਸਭ ਸਾਕਸ਼ਾਤਕਾਰ ਹੋ ਜਾਵੇਗਾ। ਬਾਪ ਕਹਿੰਦੇ ਹਨ ਤੁਸੀਂ ਬੁਲਾਉਂਦੇ ਵੀ ਹੋ ਕਿ ਹੇ ਪਤਿਤ ਪਾਵਨ ਆਓ। ਹੁਣ ਮੈਂ ਪਤਿਤ ਦੁਨੀਆਂ ਵਿੱਚ ਤੁਹਾਡੇ ਲਈ ਆਇਆ ਹਾਂ ਅਤੇ ਤੁਹਾਨੂੰ ਕਹਿੰਦਾ ਹਾਂ ਪਾਵਨ ਬਣੋ। ਤੁਸੀਂ ਫਿਰ ਘੜੀ - ਘੜੀ ਗੰਦ ਵਿੱਚ ਡਿੱਗਦੇ ਹੋ। ਮੈਂ ਤੇ ਕਾਲਾਂ ਦਾ ਕਾਲ ਹਾਂ। ਸਭਨੂੰ ਲੈ ਜਾਵਾਂਗਾ। ਸ੍ਵਰਗ ਵਿੱਚ ਜਾਣ ਦੇ ਲਈ ਬਾਪ ਆਕੇ ਰਸਤਾ ਦੱਸਦੇ ਹਨ। ਨਾਲੇਜ ਦਿੰਦੇ ਹਨ ਕਿ ਇਹ ਸ੍ਰਿਸ਼ਟੀ ਚੱਕਰ ਕਿਵੇਂ ਫਿਰਦਾ ਹੈ। ਇਹ ਹੈ ਬੇਹੱਦ ਦੀ ਨਾਲੇਜ। ਜਿਨ੍ਹਾਂ ਨੇ ਕਲਪ ਪਹਿਲਾਂ ਪੜ੍ਹਿਆ ਹੈ ਉਹ ਹੀ ਆਕੇ ਪੜ੍ਹਣਗੇ, ਉਹ ਵੀ ਸਾਕਸ਼ਾਤਕਾਰ ਹੁੰਦਾ ਰਹਿੰਦਾ ਹੈ। ਨਿਸ਼ਚੈ ਹੋ ਜਾਵੇ ਕਿ ਬੇਹੱਦ ਦਾ ਬਾਪ ਆਏ ਹਨ, ਜਿਸ ਭਗਵਾਨ ਨੂੰ ਮਿਲਣ ਦੇ ਲਈ ਐਨੀ ਭਗਤੀ ਕੀਤੀ ਉਹ ਇੱਥੇ ਆਕੇ ਪੜ੍ਹਾ ਰਹੇ ਹਨ। ਇਵੇਂ ਦੇ ਭਗਵਾਨ ਬਾਪ ਨਾਲ ਅਸੀਂ ਮੁਲਾਕਾਤ ਤੇ ਕਰੀਏ। ਕਿੰਨਾ ਉਮੰਗ ਨਾਲ ਖੁਸ਼ੀ ਨਾਲ ਭੱਜਕੇ ਆ ਮਿਲਣ, ਜੇਕਰ ਪੱਕਾ ਨਿਸ਼ਚੈ ਹੋਵੇ ਤੇ। ਠੱਗੀ ਦੀ ਗੱਲ ਨਹੀਂ। ਅਜਿਹੇ ਵੀ ਬਹੁਤ ਹਨ ਪਵਿੱਤਰ ਬਣਦੇ ਨਹੀਂ, ਪੜ੍ਹਦੇ ਨਹੀਂ, ਬਸ ਚੱਲੋ ਬਾਬਾ ਦੇ ਕੋਲ। ਇਵੇਂ ਹੀ ਘੁੰਮਣ - ਫਿਰਨ ਵੀ ਆ ਜਾਂਦੇ ਹਨ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ - ਤੁਸੀਂ ਬੱਚਿਆਂ ਨੇ ਗੁਪਤ ਆਪਣੀ ਰਾਜਧਾਨੀ ਸਥਾਪਨ ਕਰਨੀ ਹੈ। ਪਵਿੱਤਰ ਬਣੋਗੇ ਤਾਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣੋਗੇ। ਇਹ ਰਾਜਯੋਗ ਬਾਪ ਹੀ ਸਿਖਾਉਂਦੇ ਹਨ। ਬਾਕੀ ਉਹ ਤੇ ਹਨ ਹਠਯੋਗੀ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰੋ। ਇਹ ਨਸ਼ਾ ਰੱਖੋ - ਅਸੀਂ ਬੇਹੱਦ ਦੇ ਬਾਪ ਤੋਂ ਵਿਸ਼ਵ ਦਾ ਕ੍ਰਾਉਂਣ ਪ੍ਰਿੰਸ ਬਣਨ ਆਏ ਹਾਂ ਫਿਰ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ। ਮਾਇਆ ਅਜਿਹੀ ਹੈ ਜੋ ਬੁੱਧੀ ਦਾ ਯੋਗ ਤੋੜ ਦਿੰਦੀ ਹੈ। ਬਾਪ ਸਮਰਥ ਹੈ, ਤਾਂ ਮਾਇਆ ਵੀ ਸਮਰਥ ਹੈ। ਅੱਧਾਕਲਪ ਹੈ ਰਾਮ ਰਾਜ, ਅੱਧਾਕਲਪ ਹੈ ਰਾਵਣ ਰਾਜ। ਇਹ ਵੀ ਕੋਈ ਨਹੀਂ ਜਾਣਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਦਾ ਨਸ਼ਾ ਰਹੇ ਕਿ ਅਸੀਂ ਅੱਜ ਪੜ੍ਹਦੇ ਹਾਂ ਕਲ। ਕ੍ਰਾਉਂਣ ਪ੍ਰਿੰਸ - ਪ੍ਰਿੰਸੀਜ਼ ਬਣਾਂਗੇ। ਆਪਣੀ ਦਿਲ ਤੋਂ ਪੁੱਛਣਾ ਹੈ - ਅਸੀਂ ਅਜਿਹਾ ਪੁਰਸ਼ਾਰਥ ਕਰਦੇ ਹਾਂ? ਬਾਪ ਦਾ ਇਨਾਂ ਰਿਗਾਰਡ ਹੈ? ਪੜ੍ਹਾਈ ਦਾ ਸ਼ੌਂਕ ਹੈ?

2. ਬਾਪ ਦੇ ਕਰਤੱਵਿਆ ਵਿੱਚ ਗੁਪਤ ਮਦਦਗਾਰ ਬਣਨਾ ਹੈ। ਭਵਿੱਖ ਦੇ ਲਈ ਆਪਣਾ ਬੈਗ - ਬੈਗੇਜ ਟਰਾਂਸਫਰ ਕਰ ਦੇਣਾ ਹੈ। ਕੌਡੀਆਂ ਦੇ ਮਗਰ ਸਮਾਂ ਨਾ ਗਵਾ ਕੇ ਹੀਰੇ ਵਰਗਾ ਬਣਨ ਦਾ ਪੁਰਸ਼ਾਰਥ ਕਰਨਾ ਹੈ।

ਵਰਦਾਨ:- ਮਨ ਬੁੱਧੀ ਨੂੰ ਮਨਮਤ ਨਾਲ ਫ੍ਰੀ ਕਰ ਸੂਕ੍ਸ਼੍ਮਵਤਨ ਦਾ ਅਨੁਭਵ ਕਰਨ ਵਾਲੇ ਡਬਲ ਲਾਇਟ ਭਵ

ਸਿਰਫ਼ ਸੰਕਲਪ ਸ਼ਕਤੀ ਮਨ ਅਤੇ ਬੁੱਧੀ ਨੂੰ ਸਦਾ ਮਨਮਤ ਨਾਲ ਖਾਲੀ ਰੱਖੋ ਤਾਂ ਇੱਥੇ ਵੀ ਰਹਿੰਦੇ ਵੀ ਵਤਨ ਦੀ ਸਭ ਸੀਨ -ਸਿਨਰੀਆਂ ਇਵੇਂ ਸਪਸ਼ਟ ਅਨੁਭਵ ਕਰਨਗੇ ਜਿਵੇਂ ਦੁਨੀਆਂ ਦੀ ਕੋਈ ਵੀ ਸੀਨ ਸਪਸ਼ਟ ਦਿਖਾਈ ਦਿੰਦੀ ਹੈ। ਇਸ ਅਨੁਭੂਤੀ ਦੇ ਲਈ ਕੋਈ ਵੀ ਬੋਝ ਆਪਣੇ ਉਪਰ ਨਹੀਂ ਰੱਖੋ, ਸਭ ਬੋਝ ਬਾਪ ਨੂੰ ਦੇਕਰ ਡਬਲ ਲਾਇਟ ਬਣੋ। ਮਨ -ਬੁੱਧੀ ਨਾਲ ਸਦਾ ਸ਼ੁੱਧ ਸੰਕਲਪ ਦਾ ਭੋਜਨ ਕਰੋ। ਕਦੀ ਵੀ ਵਿਅਰਥ ਸੰਕਲਪ ਅਤੇ ਵਿਅਰਥ ਸੰਕਲਪਾਂ ਦਾ ਅਸ਼ੁੱਧ ਭੋਜਨ ਨਾ ਕਰੋ ਤਾਂ ਬੋਝ ਨਾਲ ਹਲਕੇ ਹੋਕਰ ਉੱਚੀ ਸਥਿਤੀ ਦਾ ਅਨੁਭਵ ਕਰ ਸਕਣਗੇ।

ਸਲੋਗਨ:- ਵਿਅਰਥ ਨੂੰ ਫੁੱਲ ਸਟਾਪ ਦਵੋ ਅਤੇ ਸ਼ੁਭ ਭਾਵਨਾ ਦਾ ਸਟਾਕ ਫੁੱਲ ਕਰੋ।

******

ਅਵਿਅਕਤ ਇਸ਼ਾਰੇ:- "ਕੰਮਬਾਇੰਡ ਰੂਪ ਦੀ ਸਮ੍ਰਿਤੀ ਨਾਲ ਸਦਾ ਵਿਜੇਈ ਬਣੋ"

ਜੇਕਰ ਚੱਲਦੇ -ਫਿਰਦੇ ਦੀ ਅਸਫ਼ਲਤਾ ਜਾਂ ਮੁਸ਼ਕਿਲ ਦਾ ਅਨੁਭਵ ਹੁੰਦਾ ਹੈ ਤਾਂ ਉਸਦਾ ਕਰਨਾ ਸਿਰਫ਼ ਖਿਦਮਤਗਾਰ ਬਣ ਜਾਂਦੇ ਹੋ। ਖੁਦਾਈ ਖਿਦਮਤਗਾਰ ਨਹੀਂ ਹੁੰਦੇ। ਖੁਦਾ ਨੂੰ ਖਿਦਮਤ ਤੋਂ ਜੁਦਾ ਨਹੀਂ ਕਰੋ। ਜਦੋਂ ਨਾਮ ਹੈ ਖੁਦਾਈ ਖਿਦਮਤਗਾਰ, ਤਾਂ ਕੰਮਬਾਇੰਡ ਨੂੰ ਵੱਖ ਕਿਉਂ ਕਰਦੇ ਹੋ। ਸਦਾ ਆਪਣਾ ਇਹ ਨਾਮ ਯਾਦ ਰੱਖੋ ਤਾਂ ਸੇਵਾ ਵਿਚ ਖੁਦ ਹੀ ਖੁਦਾਈ ਜਾਦੂ ਭਰ ਜਾਵੇਗਾ।